# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

# 13:10

**ਮਿਤੀ : 02-10-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਜਿਸ ਦੀ ਸਥਾਪਨਾ 1925 ਵਿਚ ਵਿਜੇਦਸ਼ਮੀ ਮੌਕੇ ਕੀਤੀ ਗਈ ਸੀ, ਦੀ ਸ਼ਤਾਬਦੀ ਉੱਤੇ ਇਕ ਲੇਖ ਵਿਚ ਆਪਣੇ ਵਿਚਾਰ ਸਾਂਝੇ ਕੀਤੇ ਨੇ। ਇਕ ਸੋਸ਼ਲ ਮੀਡੀਆ ਪੋਸਟ ਵਿਚ ਸ੍ਰੀ ਮੋਦੀ ਨੇ ਕਿਹਾ ਕਿ ਸੌ ਸਾਲ ਪਹਿਲਾਂ ਸੰਘ ਦਾ ਜਨਮ, ਸਮਾਜ ਦੀ ਸੇਵਾ ਕਰਨ ਤੇ ਰਾਸ਼ਟਰ ਨਿਰਮਾਣ ਲਈ ਕੰਮ ਕਰਨ ਦੇ ਉਦੇਸ਼ ਨਾਲ ਹੋਇਆ ਸੀ। ਸੌ ਸਾਲਾਂ ਤੋਂ ਵੱਧ ਸਮੇਂ ਵਿਚ ਅਣਗਿਣਤ ਸਵੈ-ਸੇਵਕਾਂ ਨੇ ਇਸ ਦ੍ਰਿਸ਼ਟੀਕੋਣ ਨੂੰ ਪੂਰਾ ਕਰਨ ਲਈ ਆਪਣਾ ਜੀਵਨ ਸਮਰਪਿਤ ਕੀਤਾ ਏ।

-----------------------------------------------------------------

ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਸਰਸੰਘਚਾਲਕ ਡਾ. ਮੋਹਨ ਭਾਗਵਤ ਨੇ ਅੱਜ ਕਿਹਾ ਏ ਕਿ ਆਤਮ-ਨਿਰਭਰ ਬਣ ਕੇ

ਅਤੇ ਵਿਸ਼ਵਵਿਆਪੀ ਏਕਤਾ ਪ੍ਰਤੀ ਜਾਗਰੂਕ ਹੋ ਕੇ, ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਏ ਕਿ ਨਿਰਭਰਤਾ ਸਾਡੇ ਲਈ ਮਜਬੂਰੀ ਨਾ ਬਣੇ ਅਤੇ ਅਸੀਂ ਆਪਣੀ ਮਰਜ਼ੀ ਮੁਤਾਬਕ ਕੰਮ ਕਰਨ ਦੇ ਯੋਗ ਹੋਈਏ। ਆਰ.ਐੱਸ.ਐੱਸ.ਮੁਖੀ ਅੱਜ ਸਵੇਰੇ ਨਾਗਪੁਰ ਦੇ ਰੇਸ਼ਿਮਬਾਗ਼ ਵਿਚ ਮੁੱਖ ਮਹਿਮਾਨ ਸਾਬਕ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਮੌਜੂਦਗੀ ਵਿਚ ਆਰ.ਐੱਸ.ਐੱਸ. ਦੇ ਸ਼ਤਾਬਦੀ ਸਾਲ ਦੇ ਜਸ਼ਨ ਤੇ ਵਿਜੇਦਸ਼ਮੀ ਉਤਸਵ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸਵਦੇਸ਼ੀ ਤੇ ਸਵਾਵਲੰਬਨ ਭਾਵ ਸਵੈ-ਨਿਰਭਰਤਾ ਦਾ ਕੋਈ ਬਦਲ ਨਹੀਂ ਏ ਤੇ ਸਾਨੂੰ ਸਵੈ-ਨਿਰਭਰ ਬਣਨ ਲਈ ਅੱਗੇ ਆਉਣਾ ਚਾਹੀਦਾ ਏ।

-----------------------------------------------------------------------

ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ 100 ਸਾਲ ਮੁਕੰਮਲ ਹੋਣ ਦੇ ਸਿਲਸਿਲੇ ਵਿਚ ਖਰੜ ਵਿਚ ਸਮਾਗਮ ਕੀਤਾ ਗਿਆ। ਜਿਸ ਵਿਚ ਭਾਰਤੀ ਜਨਤਾ ਪਾਰਟੀ ਦੀ ਖਰੜ ਇਕਾਈ ਦੇ ਪ੍ਰਧਾਨ ਰਾਕੇਸ਼ ਗੁਪਤਾ ਤੇ ਸੇਵਾ ਮੁਕਤ ਕਰਨਲ ਐੱਸ.ਐੱਸ. ਚੀਮਾ, ਜੱਗਰਾਮ ਸਿੰਘ, ਖਰੜ ਦੇ ਸੰਘ ਚਾਲਕ ਵਿਜੇ ਵਰਮਾ ਮੁੱਖ ਤੌਰ ਉੱਤੇ ਪੁੱਜੇ। ਇਸ

ਮੌਕੇ ਬੁਲਾਰਿਆਂ ਨੇ ਲੋਕਾਂ ਨੂੰ ਆਰ.ਐੱਸ.ਐੱਸ. ਦੇ ਕਾਰਜਾਂ ਤੇ ਮਿਸ਼ਨ ਬਾਰੇ ਜਾਣਕਾਰੀ ਦਿੱਤੀ।

---------------------------------------------------------------------------------

ਦੇਸ਼ ਅੱਜ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ ਉਨ੍ਹਾਂ ਦੀ 156ਵੀਂ ਜਨਮ ਵਰੇਗੰਢ ਉੱਤੇ ਸ਼ਰਧਾਂਜਲੀ ਭੇਟ ਕਰ ਰਿਹਾ ਏ। ਇਸ ਮੌਕੇ ਦੇਸ਼ ਅਤੇ ਵਿਦੇਸ਼ਾਂ ਵਿਚ ਕਈ ਸਮਾਗਮ ਕੀਤੇ ਜਾ ਰਹੇ ਨੇ। ਰਾਜਧਾਨੀ ਦਿੱਲੀ ਦੇ ਰਾਜਘਾਟ ਵਿਚ ਬਾਪੂ ਦੀ ਸਮਾਧੀ ਉੱਤੇ ਇਕ ਸਰਬਧਰਮ ਪ੍ਰਾਰਥਨਾ ਸਭਾ ਕਰਵਾਈ ਗਈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ, ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਲੋਕ ਸਭਾ ਸਪੀਕਰ ਓਮ ਬਿਰਲਾ ਅਤੇ ਰਿਹਾਇਸ਼ ਤੇ ਸ਼ਹਿਰੀ ਮਾਮਲਿਆਂ ਬਾਰੇ ਮੰਤਰੀ ਮਨੋਹਰ ਲਾਲ ਨੇ ਅੱਜ ਸਵੇਰੇ ਰਾਜਘਾਟ ਵਿਚ ਮਹਾਤਮਾ ਗਾਂਧੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਮਹਾਤਮਾ ਗਾਂਧੀ ਨੂੰ ਉਨ੍ਹਾਂ ਦੀ ਜਨਮ ਸ਼ਤਾਬਦੀ ਉੱਤੇ ਨਮਨ ਕੀਤਾ ਏ।

---------------------------------------------------------------------------------

ਵਿਜੇਦਸ਼ਮੀ ਯਾਨੀ ਦੁਸਹਿਰਾ, ਅੱਜ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ। ਇਹ ਦਿਨ ਨਰਾਤਿਆਂ ਦੀਆਂ ਰਸਮਾਂ ਤੇ ਦੁਰਗਾ ਪੂਜਾ ਦੀ ਸਮਾਪਤੀ ਅਤੇ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਏ। ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਿਜੇਦਸ਼ਮੀ ਉੱਤੇ ਰਾਸ਼ਟਰ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਨੇ।

---

--------------------------------------------------------------------

ਪੰਜਾਬ ਵਿਚ ਵੀ ਦੁਸਹਿਰਾ ਧਾਰਮਿਕ ਉਤਸ਼ਾਹ ਤੇ ਖ਼ੁਸ਼ੀ ਨਾਲ ਮਨਾਇਆ ਜਾ ਰਿਹਾ ਏ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੁਸਹਿਰੇ ਮੌਕੇ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਏ। ਮੁੱਖ ਮੰਤਰੀ ਨੇ ਕਿਹਾ ਕਿ ਦੁਸਹਿਰਾ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਏ। ਪੰਜਾਬ ਪੁਲਿਸ ਨੇ ਇਹ ਤਿਉਹਾਰ ਮਨਾਉਣ ਤੇ ਨਸ਼ਿਆਂ ਦੇ ਖ਼ਤਰੇ ਵਿਰੁੱਧ ਜਨਤਾ ਨੂੰ ਜਾਗਰੂਕ ਕਰਨ ਲਈ ਵੱਖਰਾ ਤਰੀਕਾ ਅਪਣਾਇਆ ਏ। ਜਲੰਧਰ ਵਿਚ, ਕਮਿਸ਼ਨਰੇਟ ਪੁਲਿਸ ਨੇ ਸ਼ਹਿਰ ਦੇ ਕੁਝ ਸਥਾਨਾਂ ਉੱਤੇ ਰਾਵਣ, ਮੇਘਨਾਦ ਤੇ ਕੁੰਭਕਰਨ ਦੇ ਰੰਗ-ਬਿਰੰਗੇ ਪੁਤਲਿਆਂ ਵਿਚਾਲੇ

ਚੌਥਾ ਰਾਖਸ਼ਸ਼ ਜੋ ਕਿ ਨਸ਼ਿਆਂ ਦਾ ਏ, ਦਾ ਪੁਤਲਾ ਲਾਇਆ ਏ। ਇਸ ਨੂੰ ਨਸ਼ਿਆਂ ਦਾ ਰਾਖਸ਼ਸ਼ ਦਾ ਨਾਂ ਦਿੱਤਾ ਏ, ਸ਼ਾਮ ਨੂੰ ਦੁਸਹਿਰੇ ਦੌਰਾਨ ਨਸ਼ਿਆਂ ਵਿਰੁੱਧ ਸੰਦੇਸ਼ ਫੈਲਾਉਣ ਲਈ ਇਸ ਨੂੰ ਅਗਨ-ਭੇਟ ਕੀਤਾ ਜਾਵੇਗਾ।

--------------------------------------------------------------------

---

ਵਿਦਿਆਰਥੀਆਂ ਵਿਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਲਈ, ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਭਾਰਤੀ ਹਵਾਈ ਫ਼ੌਜ ਤੋਂ ਹੁਣੇ ਜਿਹੇ ਸੇਵਾ ਮੁਕਤ ਕੀਤੇ ਗਏ ਪੰਜ ਮਿਗ21 ਲੜਾਕੂ ਜਹਾਜ਼ਾਂ ਨੂੰ ਪੰਜਾਬ ਦੇ ਪ੍ਰਮੁੱਖ ਸਕੂਲਾਂ ਵਿਚ ਵਿਖਾਵਾ ਕੀਤੇ ਜਾਣ ਦੀ ਅਪੀਲ ਕੀਤੀ ਏ।

ਸਿੱਖਿਆ ਮੰਤਰੀ ਬੈਂਸ ਨੇ ਹਵਾਈ ਫ਼ੌਜ ਦੇ ਮੁਖੀ ਏਅਰ ਚੀਫ ਮਾਰਸ਼ਲ ਅਮਰਪ੍ਰੀਤ ਸਿੰਘ ਨੂੰ ਲਿਖੇ ਪੱਤਰ ਵਿਚ ਕਿਹਾ ਏ ਇਕੱਠੇ ਮਿਲ ਕੇ ਅਸੀਂ ਮਿਗ-21 ਨੂੰ ਜ਼ਿੰਦਾ ਸ਼ਰਧਾਂਜਲੀ ਦੇ ਸਕਦੇ ਹਾਂ ਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਵਿਚ ਦੇਸ਼ ਭਗਤੀ ਤੇ ਸਮਰਪਣ ਦੀ ਭਾਵਨਾ ਪੈਦਾ ਕਰ ਸਕਦੇ ਹਾਂ।" ਉਨ੍ਹਾਂ ਨੇ ਲੁਧਿਆਣਾ, ਅੰਮ੍ਰਿਤਸਰ, ਫਿਰੋਜ਼ਪੁਰ, ਨੰਗਲ ਤੇ ਖਰੜ ਦੇ ਸਕੂਲਾਂ ਵਿਚ ਪੰਜ ਮਿਗ-21 ਲੜਾਕੂ ਜਹਾਜ਼ਾਂ ਦਾ

ਵਿਖਾਵਾ ਕਰਨ ਦੀ ਤਜਵੀਜ਼ ਰੱਖੀ ਏ। ਉਨ੍ਹਾਂ ਕਿਹਾ ਕਿ ਇਸ ਪਹਿਲਕਦ ਮੀ ਦਾ ਮਕਸਦ ਪੰਜਾਬ ਦੇ ਹਜ਼ਾਰਾਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਰੱਖਿਆ, ਇੰਜੀਨੀਅਰਿੰਗ, ਏਅਰੋਸਪੇਸ ਤਕਨਾਲੋਜੀ ਤੇ ਹੋਰ ਸਬੰਧਤ ਖੇਤਰਾਂ ਵਿਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰਨਾ ਏ।